# ਵਿਦਰੋਹੀ ਗਾਇਕ - ਪਾਲ ਰੋਬਿਸਨ

• ਕੁਲਵਿੰਦਰ



ਪਾਲ ਰੋਬਿਸਨ ਨੂੰ ਦੁਨੀਆਂ ਵਿਦਰੋਹੀ ਗਾਇਕ ਵਜੋਂ ਜਾਣਦੀ ਹੈ। 9 ਅਪ੍ਰੈਲ, 1898 ਨੂੰ ਜਨਮੇ ਪਾਲ ਰੋਬਿਸਨ ਦੇ ਪਿਤਾ ਵਿਲੀਅਮ ਡਰਊ ਰੋਬਿਸਨ ਇਕ ਗੁਲਾਮ ਸਨ ਜੋ ਬਾਅਦ ਵਿਚ ਭਗੌੜੇ ਹੋ ਗਏ।ਉਨ੍ਹਾਂ ਨੂੰ ਆਪਣੀ ਨੌਕਰੀ ਸਮਾਜਕ ਨਿਆਂ ਲਈ ਉਨ੍ਹਾਂ ਦੇ ਭਾਸ਼ਣਾਂ ਕਰਕੇ ਗੁਆਣੀ ਪਈ ਸੀ।ਉਸ ਦੀ ਮਾਂ ਮਾਰੀਆ ਲੂਸੀਆ ਬੁਸਟਿਨ ਦਾ ਸੰਬੰਧ ਅਫ਼ਰੀਕੀ ਅਮਰੀਕੀ ਨਾਗਰਿਕ ਹੱਕਾਂ ਲਈ ਸਰਗਰਮ ਪਰਿਵਾਰ ਨਾਲ਼ ਸੀ।ਘਰੇਲੂ ਹਾਲਤਾਂ ਕਾਰਨ ਪਾਲ ਰੋਬਿਸਨ ਨੂੰ ਬਚਪਨ ਵਿਚ ਹੀ ਕਈ ਨਿੱਕੇ ਮੋਟੇ ਕੰਮ ਕਰਨੇ ਪਏ।

1915 ਵਿਚ ਉਨ੍ਹਾਂ ਨੂੰ ਵਜੀਫ਼ਾ ਮਿਲ ਗਿਆ ਅਤੇ ਉਨ੍ਹਾਂ ਨੇ ਰੁਟਗਰਸ ਯੂਨੀਵਰਸਿਟੀ ਵਿਚ ਦਾਖਲਾ ਲੈ ਲਿਆ। ਆਪਣੀ ਤਾਕਤਵਰ ਅਵਾਜ਼ ਕਾਰਣ ਪਾਲ ਰੋਬਿਸਨ ਨੇ ਲਗਾਤਾਰ ਚਾਰ ਸਾਲ ਯੂਨੀਵਰਸਿਟੀ ਦੇ ਭਾਸ਼ਣ ਮੁਕਾਬਲੇ ਜਿੱਤੇ।ਏਸੇ ਸਮੇਂ ਦੌਰਾਨ ਉਹਨਾਂ ਨੇ ਸਥਾਨਕ ਕਲੱਬਾਂ ਵਿਚ ਗਾਉਣਾ ਵੀ ਸ਼ੁਰੂ ਕਰ ਦਿਤਾ।ਕੌਮੀ ਪੱਧਰ ਦੇ ਫੁਟਬਾਲ ਖਿਡਾਰੀ ਤੋਂ ਇਲਾਵਾ ਪਾਲ ਹੋਰ ਵੀ ਕਈ ਖੇਡਾਂ ਖੇਡਦੇ ਸਨ ਪਰ ਜਦ ਉਨ੍ਹਾਂ ਦੀਆਂ ਵਿਰੋਧੀ ਟੀਮਾਂ ਅਸ਼ਵੇਤ ਖਿਡਾਰੀ ਨਾਲ ਖੇਡਣੋਂ ਇਨਕਾਰ ਕਰ ਦਿੰਦੀਆਂ ਤਾਂ ਮਜ਼ਬੂਰਨ ਉਨ੍ਹਾਂ ਨੂੰ ਬਾਹਰ ਬੈਂਚ ਤੇ ਬਹਿਣਾ ਪੈਂਦਾ। ਇਸ ਤਰ੍ਹਾਂ ਬਚਪਨ ਵਿਚ ਹੀ ਪਾਲ ਰੋਬਿਸਨ ਦੇ ਮਨ ਵਿਚ ਨਸਲੀ ਵਿਤਕਰੇ ਲਈ ਨਫ਼ਰਤ ਪੈਦਾ ਹੋ ਗਈ।

1920 ਵਿਚ ਰੋਬਿਸਨ ਨਸਲੀ ਮੁੱਦਿਆਂ ਤੇ ਨਾਟਕ ਕਰਨ ਵਾਲੇ ਅਫ਼ਰੀਕੀ-ਅਮਰੀਕੀ ਵਿਦਿਆਰਥੀਆਂ ਦੇ ਸਮੂਹ ਵਿਚ ਸ਼ਾਮਲ ਹੋ ਗਏ।"ਸਿਮੋਨ ਦੀ ਸੀਰੀਅਨ" ਨਾਟਕ ਵਿਚ ਉਨ੍ਹਾਂ ਨੇ ਆਪਣਾ ਪਹਿਲਾ ਕਿਰਦਾਰ ਨਿਭਾਇਆ।ਛੇਤੀ ਹੀ ਪਾਲ ਦੇ ਮਾਪੇ ਇੰਗਲੈਂਡ ਚਲੇ ਗਏ। ਵਾਪਸ ਆ ਕੇ 1923 ਵਿਚ ਉਨ੍ਹਾਂ ਨੇ ਕਾਨੂੰਨ ਦੀ ਡਿਗਰੀ ਹਾਸਲ ਕੀਤੀ।ਬਾਅਦ ਵਿਚ ਆਪਣੀ ਨੌਕਰੀ ਇਸ ਲਈ ਛੱਡ ਦਿਤੀ ਕਿਉਂ ਕਿ ਇਕ ਸਟੈਨੋ ਨੇ ਉਨ੍ਹਾਂ ਦੇ ਰੰਗ ਕਾਰਣ ਉਨ੍ਹਾਂ ਤੋਂ ਡਿਕਟੇਸ਼ਨ ਲੈਣੋਂ ਇਨਕਾਰ ਕਰ ਦਿਤਾ ਸੀ।ਪਾਲ ਨੇ ਕਿੱਤੇ ਵਜੋਂ ਨਾਟਕ ਕਰਨ ਦਾ ਫੈਸਲਾ ਲੈ ਲਿਆ। ਇਸ ਦੌਰ ਵਿਚ ਉਨ੍ਹਾਂ ਨੇ ਅਮਰੀਕਾ ਅਤੇ ਯੂਰੋਪ ਵਿਚ "ਆਲ ਗਾਡਸ ਚਿਲਨ ਗੌਟ ਵਿੰਗਸ", "ਐਮਪਰਰ ਜੋਨਸ", "ਬਲੈਕ ਬੁਆਏ", "ਸ਼ੋਅ ਬੋਟ" ਅਤੇ "ਓਥੈਲੋ" ਜਿਹੇ ਨਾਟਕਾਂ ਵਿਚ ਆਪਣਾ ਸਿੱਕਾ ਮਨਵਾਇਆ।

ਹੁਣ ਵਾਰੀ ਫ਼ਿਲਮਾਂ ਦੀ ਸੀ।ਰੋਬਿਸਨ ਨੇ "ਦੀ ਐਂਪਰਰ ਜੋਨਸ" ਅਤੇ "ਸੈਂਡਰਸ ਆਫ਼ ਦੀ ਰਿਵਰ" ਜਿਹੀਆਂ ਕਈ ਫ਼ਿਲਮਾਂ ਵਿਚ ਕੰਮ ਕੀਤਾ, ਭਾਵੇਂ ਬਾਅਦ ਵਾਲੀ ਫ਼ਿਲਮ ਤੋਂ ਉਹ ਸੰਤੁਸ਼ਟ ਨਹੀਂ ਸਨ।

ਹੁਣ ਤੱਕ ਪਾਲ ਅਦਾਕਾਰੀ ਦੇ ਨਾਲ ਹੀ ਇਕ ਗਾਇਕ ਵਜੋਂ ਵੀ ਆਪਣੇ ਆਪ ਨੂੰ ਸਥਾਪਤ ਕਰ ਚੁੱਕੇ ਸਨ।ਪਰ 1930 ਤੱਕ ਪਾਲ ਹਾਲੇ ਏਨੇ ਸੁਚੇਤ ਨਹੀਂ ਸਨ ਹੋਏ ਕਿ ਕਲਾ ਦੀ ਅਸਲੀ ਤਾਕਤ ਨੂੰ ਪਛਾਣ ਸਕਦੇ।ਉਹ ਕਿਸੇ ਮਕਸਦ ਲਈ ਕਲਾ ਨੂੰ ਵਰਤਣ ਦੇ ਖਿਲਾਫ਼ ਸਨ ਅਤੇ ਉਨ੍ਹਾਂ ਅਨੁਸਾਰ ਕਲਾਕਾਰ ਨੂੰ ਲਾਜ਼ਮੀ ਹੀ ਖੁਦ ਪ੍ਰਤੀ ਜੁਆਬਦੇਹ ਹੋਣਾ ਚਾਹੀਦਾ ਹੈ।

ਇੰਗਲੈਂਡ ਵਿਚ ਅਦਾਕਾਰੀ ਅਤੇ ਗਾਉਣ ਦੇ ਕਿੱਤੇ ਦੇ ਨਾਲ ਨਾਲ ਹੁਣ ਰੋਬਿਸਨ ਬਰਤਾਨਵੀ ਮਜ਼ਦੂਰਾਂ ਦੇ ਘੋਲਾਂ ਵਿਚ ਸ਼ਮੂਲੀਅਤ ਕਰਨ ਲੱਗੇ। ਮਜ਼ਦੂਰਾਂ ਦੇ ਪ੍ਰੋਗਰਾਮਾਂ ਵਿਚ ਉਨ੍ਹਾਂ ਨੇ ਆਪਣੇ ਕਈ ਸ਼ੋਅ ਕੀਤੇ ਅਤੇ ਮਜ਼ਦੂਰਾਂ ਦੀਆਂ ਕੰਮ ਦੀਆਂ ਹਾਲਤਾਂ ਨੂੰ ਜਾਨਣ ਲਈ ਖਾਣਾਂ ਵਿਚ ਵੀ ਗਏ। ਇਸ ਤਜਰਬੇ ਨੇ ਉਨ੍ਹਾਂ ਦੇ ਵਿਚਾਰਧਾਰਕ ਵਿਕਾਸ ਵਿਚ ਫੈਸਲਾਕੁਨ ਰੋਲ ਨਿਭਾਇਆ।

ਦਸੰਬਰ 1934 ਵਿਚ ਰੋਬਿਸਨ ਪਹਿਲੀ ਵਾਰ ਸੋਵੀਅਤ ਯੂਨੀਅਨ ਗਏ।ਉਥੋਂ ਦੀ ਜ਼ਿੰਦਗੀ ਨੂੰ ਦੇਖ ਕੇ ਉਹ ਸਮਾਜਵਾਦੀ ਵਿਚਾਰਾਂ ਵਲ ਆਕਰਸ਼ਤ ਹੋਏ। ਉਨ੍ਹਾਂ ਨੇ ਕਿਹਾ, "ਇਹ ਪਹਿਲੀ ਵਾਰ ਹੈ ਕਿ ਮੈਂ ਖੁਦ ਨੂੰ ਇਕ ਇਨਸਾਨ ਵਜੋਂ ਮਹਿਸੂਸ ਕੀਤਾ ਹੈ।" ਉਥੇ ਉਨ੍ਹਾਂ ਦੀ ਮੁਲਾਕਾਤ ਪ੍ਰਸਿੱਧ ਰੂਸੀ ਫ਼ਿਲਮ ਨਿਰਦੇਸ਼ਕ ਸਰਗੇਈ ਆਈਜੇਂਸਤਾਈਨ ਨਾਲ ਹੋਈ, ਬਾਅਦ ਵਿਚ ਜੋ ਦੋਸਤੀ ਵਿਚ ਬਦਲ ਗਈ।

ਏਸੇ ਦੌਰਾਨ ਸਪੇਨ ਦੀ ਘਰੇਲੂ ਜੰਗ ਛਿੜ ਗਈ ਜਿਸ ਨੇ ਸਾਰੀ ਦੁਨੀਆਂ ਦੇ ਕਲਾਕਾਰਾਂ ਨੂੰ ਪ੍ਰਭਾਵਤ ਕੀਤਾ।ਪਾਲ ਵੀ ਇਸ ਦੇ ਪ੍ਰਭਾਵ ਤੋਂ ਅਛੂਤੇ ਨਾ ਰਹਿ ਸਕੇ।ਉਹ ਸਪੇਨ ਵਿਚ ਲੜ ਰਹੇ ਇਬਰਾਹੀਮ ਲਿੰਕਨ ਬ੍ਰਗੇਡ ਦੇ ਤਿੰਨ ਆਨਰੇਰੀ ਮੈਂਬਰਾਂ ਚੋਂ ਇਕ ਸਨ।ਸਪੇਨ ਦੇ ਲੋਕਾਂ ਦੀ ਹਮਾਇਤ ਵਜੋਂ ਆਪਣੇ ਇਕ ਸ਼ੋਅ ਦੌਰਾਨ ਉਨ੍ਹਾਂ ਨੇ ਆਪਣੇ 'ਓਲਡ ਮੈਨ ਰਿਵਰ' ਗੀਤ ਦੇ ਬੋਲ 'ਮੈਂ ਜਿਊਣ ਤੋਂ ਥੱਕ ਗਿਆ ਹਾਂ ਤੇ ਮਰਨ ਤੋਂ ਡਰਦਾ ਹਾਂ' ਨੂੰ ਬਦਲ ਕੇ "ਮੈਂ ਜਰੂਰ ਹੀ ਲੜਾਂਗਾ, ਜਦ ਤੱਕ ਨਹੀਂ ਮਰਾਂਗਾ' ਗਾਇਆ।

ਵੱਖ ਵੱਖ ਦੇਸ਼ਾਂ ਦੀ ਯਾਤਰਾ ਨੇ ਉਨ੍ਹਾਂ ਦੇ ਵਿਚਾਰਾਂ ਵਿਚ ਇਨਕਲਾਬੀ ਤਬਦੀਲੀ ਲਿਆਂਦੀ।ਪਾਲ ਰੋਬਿਸਨ ਅਨੁਸਾਰ, "ਮੈਂ ਆਪਣੇ ਗੀਤਾਂ ਨੂੰ ਪੂਰੀ ਦੁਨੀਆਂ ਵਿਚ ਗਾਇਆ ਹੈ ਅਤੇ ਹਰੇਕ ਥਾਂ ਤੇ ਇਹ ਦੇਖਿਆ ਹੈ ਕਿ ਸਾਂਝੀ ਤੰਦ ਕਾਰਣ ਸਭ ਥਾਂ ਤੇ ਨੀਗਰੋ ਲੋਕਾਂ ਦੇ ਗੀਤਾਂ ਨੂੰ ਲੋਕ ਆਪਣੇ ਗੀਤਾਂ ਵਜੋਂ ਸੁਣਦੇ ਹਨ।"

(ਬਾਕੀ ਸਫਾ 32 'ਤੇ)

➡ ਇਸ ਤਰਾਂ ਆਪਣੇ ਕੈਰੀਅਰ ਦੀ ਸਿਖ਼ਰ ਤੇ ਪਾਲ ਰੋਬਿਸਨ ਇਕ ਸਰਗਰਮ ਰਾਜਨੀਤਕ ਕਾਰਕੁਨ ਬਣ ਗਏ ਅਤੇ ਉਨ੍ਹਾਂ ਨੇ ਆਪਣੇ ਆਪ ਨੂੰ ਦੁਨੀਆਂ ਦੀ ਅਗਾਂਹਵਧੂ ਲਹਿਰ ਲਈ ਸਮਰਪਤ ਕਰ ਦਿਤਾ। ਇਸੇ ਦੌਰਾਨ ਉਹ ਅਮਰੀਕਾ ਦੇ ਲੋਕਾਂ ਦੇ ਘੋਲ ਦੀਆਂ ਮੂਹਰਲੀਆਂ ਕਤਾਰਾਂ ਵਿਚ ਸ਼ਾਮਲ ਸਨ। ਉਨ੍ਹਾਂ ਨੇ ਦੁਨੀਆਂ ਭਰ ਦੇ ਲੋਕ ਮੁਕਤੀ ਦੇ ਘੋਲਾਂ ਦੀ ਹਮਾਇਤ ਕੀਤੀ। 27 ਜੂਨ 1938 ਨੂੰ ਰੋਬਿਸਨ ਭਾਰਤ ਦੀ ਅਜ਼ਾਦੀ ਦੀ ਹਮਾਇਤ ਲਈ ਕਿੰਗਸਵੇ ਹਾਲ ਵਿਚ ਰੱਖੀ ਗਈ ਰੈਲੀ ਵਿਚ ਸ਼ਾਮਲ ਹੋਏ।

ਇਸ ਦੌਰਾਨ 1939 ਵਿਚ ਦੂਜੀ ਸੰਸਾਰ ਜੰਗ ਛਿੜ ਗਈ। ਪਹਿਲਾਂ ਤਾਂ ਪਾਲ ਨੇ ਇਸ ਸਾਮਰਾਜੀ ਜੰਗ ਦਾ ਵਿਰੋਧ ਕੀਤਾ ਪਰ ਜਦ ਜੂਨ 1941 ਵਿਚ ਜਰਮਨੀ ਨੇ ਸੋਵੀਅਤ ਯੂਨੀਅਨ ਤੇ ਹਮਲਾ ਕਰ ਦਿਤਾ ਤਾਂ ਜਰਮਨੀ ਦੇ ਖਿਲਾਫ਼ ਦੂਜਾ ਫਰੰਟ ਖੋਲ੍ਹਣ ਦੇ ਹਮਾਇਤੀਆਂ ਵਿਚ ਪਾਲ ਵੀ ਸ਼ਾਮਲ ਸਨ।

ਲੋਕ ਪੱਖੀ ਸਰਗਰਮੀਆਂ ਕਾਰਣ 1952 ਵਿਚ ਉਨ੍ਹਾਂ ਨੂੰ ਕੌਮਾਂਤਰੀ ਸਤਾਲਿਨ ਸਨਮਾਨ ਨਾਲ ਨਿਵਾਜਿਆ ਗਿਆ। ਅਪ੍ਰੈਲ 1953 ਵਿਚ ਸਤਾਲਿਨ ਦੀ ਮੌਤ ਤੋਂ ਥੋੜ੍ਹੀ ਦੇਰ ਬਾਅਦ ਉਨ੍ਹਾਂ ਨੇ ਸਤਾਲਿਨ ਨੂੰ ਸਮਰਪਿਤ ਸ਼ਰਧਾਂਜਲੀ "ਟੂ ਯੂ ਬਿਲਵਡ ਕਾਮਰੇਡ" ਲਿਖੀ।

ਨਾਟਕ, ਫ਼ਿਲਮ ਅਤੇ ਸੰਗੀਤ ਦੀਆਂ ਸਰਗਰਮੀਆਂ ਦੇ ਨਾਲ ਹੀ ਪਾਲ ਨੇ ਲੋਕਾਂ ਦੇ ਹਿੱਤਾਂ ਲਈ ਅਵਾਜ਼ ਉਠਾਉਣੀ ਵੀ ਜਾਰੀ ਰੱਖੀ। ਪਾਲ ਦੀਆਂ ਇਨ੍ਹਾਂ ਸਰਗਰਮੀਆਂ ਕਾਰਣ ਉਹ ਅਮਰੀਕੀ ਹਾਕਮ ਜਮਾਤਾਂ ਦੀਆਂ ਨਜ਼ਰਾਂ ਵਿਚ ਰੜਕਣ ਲੱਗੇ ਸਨ। ਐਫ.ਬੀ.ਆਈ ਅਤੇ ਸੀ.ਏ.ਆਈ ਜਿਹੀਆਂ ਅਮਰੀਕੀ ਸੂਹੀਆਂ ਏਜੰਸੀਆਂ ਪਾਲ ਰੋਬਿਸਨ ਤੇ ਲਗਾਤਾਰ ਨਜ਼ਰ ਰੱਖਦੀਆਂ ਸਨ। ਇਹ ਉਹ ਦੌਰ ਸੀ ਜਦ ਮੈਕਾਰਥੀ ਜਿਹਿਆਂ ਨੇ 'ਕਮੇਟੀ ਆਨ ਅਨਅਮੇਰੀਕਨ ਐਕਟਿਵਟੀਜ' ਬਣਾ ਕੇ ਅਮਰੀਕਾ ਦੇ ਕਲਾਕਾਰਾਂ ਦੀ ਅਵਾਜ਼ ਨੂੰ ਦਬਾਉਣ ਦੀ ਤਿਆਰੀ ਕਰ ਲਈ ਸੀ। 1955 ਵਿਚ ਪਾਲ ਵੀ ਇਸ ਬਦਨਾਮ ਕਮੇਟੀ ਅੱਗੇ ਪੇਸ਼ ਹੋਏ। ਕਮੇਟੀ ਨੂੰ ਦਿਤੇ ਆਪਣੇ ਜੁਆਬਾਂ ਵਿਚ ਪਾਲ ਨੇ ਆਪਣੇ ਇਰਾਦਿਆਂ ਦੀ ਦ੍ਰਿੜਤਾ ਦਾ ਪ੍ਰਦਰਸ਼ਨ ਕੀਤਾ ਅਤੇ ਗੈਰ ਕਮਿਊਨਿਸਟ ਹੋਣ ਸੰਬੰਧੀ ਹਲਫੀਆ ਬਿਆਨ ਦੇਣ ਤੋਂ ਇਹ ਕਹਿ ਕੇ ਇਨਕਾਰ ਕਰ ਦਿਤਾ ਕਿ ਇਹ ਅਮਰੀਕੀ ਨਾਗਰਿਕਾਂ ਦੇ ਹੱਕਾਂ ਦੇ ਉਲਟ ਹੈ। ਜਦ ਉਸ ਨੂੰ ਕਮਿਊਨਿਸਟ ਪਾਰਟੀ ਦੀ ਮੈਂਬਰਸ਼ਿਪ ਸੰਬੰਧੀ ਪੁੱਛਿਆ ਗਿਆ ਤਾਂ ਉਸ ਨੇ ਕਮੇਟੀ ਤੇ ਮੋੜਵਾਂ ਸੁਆਲ ਕੀਤਾ,"ਕੀ ਤੁਸੀਂ ਉਨ੍ਹਾਂ ਲੋਕਾਂ ਦੀ ਪਾਰਟੀ ਸੰਬੰਧੀ ਗੱਲ ਕਰ ਰਹੇ ਹੋ ਜਿਸ ਨੇ ਮੇਰੇ ਲੋਕਾਂ, ਸਾਰੇ ਅਮਰੀਕੀ ਲੋਕਾਂ ਅਤੇ ਮਜ਼ਦੂਰਾਂ ਦੇ ਹੱਕਾਂ ਲਈ ਘੋਲ ਕੀਤਾ ਹੈ ?" ਉਨ੍ਹਾਂ ਨੇ ਅੱਗੇ ਕਿਹਾ ਕਿ ਫਾਸੀਵਾਦ ਵਿਰੁਧ ਸਭ ਤੋਂ ਪਹਿਲਾਂ ਜਾਨਾਂ ਵਾਰਨ ਵਾਲੇ ਕਮਿਊਨਿਸਟ ਸਨ ਅਤੇ ਉਨਾਂ ਨੇ ਪੂਰੇ ਯੂਰੋਪ ਵਿਚ ਕਈ ਥਾਂਵਾਂ ਤੇ ਉਨ੍ਹਾਂ ਲੋਕਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਹੈ।"

ਪਾਲ ਰੋਬਿਸਨ ਦੇ ਤਿੱਖੇ ਜੁਆਬਾਂ ਦੀ ਤਾਬ ਨਾ ਝੱਲਦਿਆਂ ਜਦ ਕਮੇਟੀ ਦੇ ਮੈਂਬਰਾਂ ਨੇ ਉਸ ਨੂੰ ਅਮਰੀਕਾ ਛੱਡ ਕੇ ਸੋਵੀਅਤ ਯੂਨੀਅਨ ਵਸ ਜਾਣ ਲਈ ਕਿਹਾ ਤਾਂ ਪਾਲ ਰੋਬਿਸਨ ਗਰਜ਼ੇ, "ਮੇਰੇ ਬਾਪ ਇਕ ਗੁਲਾਮ ਸਨ ਅਤੇ ਮੇਰੇ ਲੋਕਾਂ ਨੇ ਇਸ ਦੇਸ਼ ਦੀ ਉਸਾਰੀ ਲਈ ਜਾਨਾਂ ਵਾਰੀਆਂ ਸਨ ਇਸ ਲਈ ਮੈਂ ਇਥੇ ਹੀ ਰਹਾਂਗਾ ਅਤੇ ਤੁਹਾਡੀ ਹੀ ਤਰ੍ਹਾਂ ਇਥੇ ਦਾ ਇਕ ਹਿੱਸਾ ਬਣਿਆ ਰਹਾਂਗਾ। ਕੋਈ ਵੀ ਫਾਸੀ ਸੋਚ ਵਾਲੇ ਵਿਅਕਤੀ ਮੈਨੂੰ ਇਥੋਂ ਕੱਢ ਨਹੀਂ ਸਕਦੇ। ਕੀ ਗੱਲ ਸਾਫ਼ ਹੋ ਗਈ ਹੈ ?"

ਇਸ ਦਾ ਨਤੀਜਾ ਪਾਲ ਰੋਬਿਸਨ ਦੇ ਪਾਸਪੋਰਟ ਦੀ ਜਬਤੀ ਦੇ ਰੂਪ ਵਿਚ ਨਿਕਲਿਆ। ਇਸ ਤਰ੍ਹਾਂ ਉਨ੍ਹਾਂ ਦੇ ਅਮਰੀਕਾ ਤੋਂ ਬਾਹਰ ਜਾਣ ਤੇ ਪਾਬੰਦੀ ਲਗ ਗਈ। ਉਸ ਨੂੰ 'ਬਲੈਕ ਲਿਸਟ' ਕਰ ਦਿਤਾ ਗਿਆ ਅਤੇ ਅਮਰੀਕਾ ਵਿਚ ਸਟੇਜ਼, ਸਕਰੀਨ, ਰੇਡੀਓ ਅਤੇ ਟੈਲੀਵਿਜ਼ਨ ਤੇ ਉਨ੍ਹਾਂ ਦੇ ਕੰਮ ਕਰਨ ਤੇ ਅਣਐਲਾਨੀ ਪਾਬੰਦੀ ਲਾ ਦਿਤੀ ਗਈ। ਬਲੈਕਲਿਸਟ ਕੀਤੇ ਜਾਣ ਕਾਰਣ ਉਸ ਦੀ ਆਮਦਨ ਬਹੁਤ ਘਟ ਗਈ। ਪਾਲ ਰੋਬਿਸਨ ਦੇ ਆਪਣੇ ਸ਼ਬਦਾਂ ਵਿਚ, "ਆਪਣੇ ਵਿਚਾਰਾਂ ਖਾਤਰ ਜੇ ਲੱਖਾਂ ਨਹੀਂ, ਤਾਂ ਹਜ਼ਾਰਾਂ ਡਾਲਰ ਕੁਰਬਾਨ ਕੀਤੇ ਹਨ।" ਇਸ ਦੌਰ ਵਿਚ ਵੀ ਟੈਲੀਫੋਨ ਰਾਹੀਂ ਵਿਦੇਸ਼ਾਂ ਵਿਚ ਉਹਨਾਂ ਦੇ ਕਈ ਸ਼ੋਅ ਹੋਏ। ਪੂਰੀ ਦੁਨੀਆਂ ਵਿਚ ਵੱਡੇ ਪੱਧਰ ਤੇ ਇਸ ਦਾ ਵਿਰੋਧ ਹੋਇਆ। ਇੰਗਲੈਂਡ ਵਿਚ 'ਨੈਸ਼ਨਲ ਪਾਲ ਰੋਬਿਸਨ ਕਮੇਟੀ' ਬਣੀ ਜਿਸ ਦੀ ਜਨਤਕ ਪਟੀਸ਼ਨ 'ਲੈਟ ਪਾਲ ਰੋਬਿਸਨ ਸਿੰਗ' ਤੇ ਲੱਖਾਂ ਲੋਕਾਂ ਦੇ ਦਸਖ਼ਤ ਕੀਤੇ।

1958 ਵਿੱਚ ਉਨ੍ਹਾਂ ਦੀ ਸਵੈ-ਜੀਵਨੀ 'ਹਿਅਰ ਆਈ ਸਟੈਂਡ' ਆਈ ਅਤੇ ਇਸੇ ਸਾਲ ਅਦਾਲਤ ਤੇ ਫੈਸਲੇ ਤੇ ਉਨ੍ਹਾਂ ਦਾ ਪਾਸਪੋਰਟ ਵਾਪਸ ਮਿਲਿਆ ਅਤੇ ਅਗਲੇ ਪੰਜਾਂ ਸਾਲ ਉਨ੍ਹਾਂ ਨੇ ਯੂਰੋਪ ਵਿਚ ਬਿਤਾਏ ਅਤੇ ਆਸਟਰੇਲੀਆ ਅਤੇ ਨਿਊਜ਼ੀਲੈਂਡ ਅਤੇ ਕਈ ਹੋਰਨਾਂ ਦੇਸ਼ਾਂ ਵਿਚ ਵੀ ਗਏ। ਆਕਲੈਂਡ ਵਿਚ ਉਨ੍ਹਾਂ ਨੇ ਆਪਣੇ ਆਪ ਨੂੰ "ਕੱਟੜ ਮਾਰਕਸਵਾਦੀ" ਐਲਾਨਿਆ। 1963 ਤੱਕ ਆਉਂਦਿਆਂ ਉਨ੍ਹਾਂ ਦੀ ਸਿਹਤ ਵਿਚ ਲਗਾਤਾਰ ਨਿਘਾਰ ਆਉਣਾ ਸ਼ੁਰੂ ਹੋ ਗਿਆ। 23 ਜਨਵਰੀ, 1976 ਨੂੰ ਅਮਰੀਕਾ ਦੇ ਫਿਲਾਡੈਲਫੀਆ ਸ਼ਹਿਰ ਵਿਚ ਲੰਮੀ ਬਿਮਾਰੀ ਪਿਛੋਂ ਇਸ ਮਹਾਨ ਕਲਾਕਾਰ ਦੀ ਮੌਤ ਹੋ ਗਈ।

ਪਾਲ ਰੋਬਿਸਨ ਦੇ ਇਹ ਸ਼ਬਦ ਕਲਾਕਾਰਾਂ ਨੂੰ ਲੋਕਾਂ ਨਾਲ ਖੜਨ ਲਈ ਸਦਾ ਪ੍ਰੇਰਣਾ ਦਿੰਦੇ ਰਹਿਣਗੇ, "ਕਲਾਕਾਰ ਨੂੰ ਲਾਜ਼ਮੀ ਹੀ ਪੱਖਪਾਤੀ ਹੋਣਾ ਪਵੇਗਾ। ਉਸ ਨੂੰ ਲਾਜ਼ਮੀ ਹੀ ਅਜ਼ਾਦੀ ਜਾਂ ਗੁਲਾਮੀ ਲਈ ਲੜਨ ਲਈ ਖੜ੍ਹੇ ਹੋਣਾ ਪਵੇਗਾ। ਮੈਂ ਆਪਣੀ ਚੋਣ ਕਰ ਲਈ ਹੈ। ਮੇਰੇ ਕੋਲ ਕੋਈ ਬਦਲ ਨਹੀਂ ਸੀ। ਪੂੰਜੀਵਾਦੀ ਯੁੱਗ ਦਾ ਇਤਿਹਾਸ ਮੇਰੇ ਲੋਕਾਂ ਦੀ ਮੰਦਹਾਲੀ ਲਈ ਜਾਣਿਆ ਜਾਂਦਾ ਹੈ। ... ਅੰਨੀ ਸ਼ਰਧਾ ਜਾਂ ਧੱਕੇ ਨਾਲ ਨਹੀਂ ਸਗੋਂ ਆਪਣੇ ਸੁਚੇਤ ਰਾਹ ਕਾਰਣ, ਮੈਂ ਤੁਹਾਡੇ ਨਾਲ ਖੜ੍ਹਦਾ ਹਾਂ।" •